ਸੇਂਟ ਫ਼ਰੀਦ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸ੍ਰੀ ਮੁਕਤਸਰ ਸਾਹਿਬ ਵਿਖੇ ਸਪੋਰਟਸ ਮੀਟ ਦੀ ਸ਼ੁਰੂਆਤ ਕਰਵਾਉਂਦੇ ਹੋਏ ਡਾਇਰੈਕਟਰ ਪਰਮਜੀਤ ਕੌਰ ਬਰਾੜ, ਨਾਲ ਪ੍ਰਿੰਸੀਪਲ ਜੋਗਿੰਦਰ ਤਨੇਜਾ ਤੇ ਹੋਰ। ਅਜੀਤ ਤਸਵੀਰ

ਸੇਂਟ ਫ਼ਰੀਦ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਖੇ ਸਪੋਰਟਸ ਮੀਟ ਕਰਵਾਈ

ਸ੍ਰੀ ਮੁਕਤਸਰ ਸਾਹਿਬ, 27 ਨਵੰਬਰ (ਰਣਜੀਤ ਸਿੰਘ ਢਿੱਲੋਂ)-ਸੇਂਟ ਫ਼ਰੀਦ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਚ ਬੱਚਿਆਂ ਲਈ ਸਪੋਰਟਸ ਮੀਟ ਸਮਾਰੋਹ ਕਰਵਾਇਆ ਗਿਆ। ਇਸ ਮੌਕੇ ਬੱਚਿਆਂ ਨੇ ਵੱਖ-ਵੱਖ ਖੇਡ ਮੁਕਾਬਲਿਆਂ 'ਚ ਉਤਸ਼ਾਹ ਨਾਲ ਭਾਗ ਲਿਆ। ਵੱਡੇ ਬੱਚਿਆਂ ਲਈ 100 ਮੀਟਰ, 200 ਮੀਟਰ, 400 ਮੀਟਰ ਅਤੇ 800 ਮੀਟਰ ਦੌੜਾਂ ਕਰਵਾਈਆਂ ਗਈਆਂ। ਇਸ ਤੋਂ ਇਲਾਵਾ ਲੰਬੀ ਛਾਲ, ਗੋਲਾ ਸੁੱਟ, ਡਿਸਕ ਥਰੋ ਤੇ ਹਾਊਸ ਵਾਇਜ਼ ਰੱਸਾ ਖਿੱਚ ਮੁਕਾਬਲੇ ਕਰਵਾਏ। ਛੋਟੇ ਬੱਚਿਆਂ ਲਈ ਸਪੂਨ ਰੇਸ, ਤਿੰਨ ਟੰਗ ਰੇਸ, ਨੀਡਲ ਰੇਸ, ਫਰਾਗ ਰੇਸ ਆਦਿ ਮਨੋਰੰਜਕ ਖੇਡਾਂ ਕਰਵਾਈਆਂ ਗਈਆਂ, ਜਿਨ੍ਹਾਂ 'ਚ ਨੰਨ੍ਹੇ-ਮੁੰਨ੍ਹੇ ਬੱਚਿਆਂ ਨੇ ਬੜੇ ਉਤਸ਼ਾਹ ਨਾਲ ਹਿੱਸਾ ਲਿਆ ਤੇ ਇਨਾਮ ਵੀ ਹਾਸਿਲ ਕੀਤੇ। ਇਸ ਸਮੂਹ ਖੇਡ ਸਮਾਗਮ ਨੂੰ ਸਫ਼ਲ ਬਣਾਉਣ ਵਿਚ ਸਕੂਲ ਦੇ ਡੀ.ਪੀ.ਈ. ਮਾਸਟਰ ਸੁਖਜਿੰਦਰ ਸਿੰਘ ਬਰਾੜ ਦਾ ਵਿਸ਼ੇਸ਼ ਯੋਗਦਾਨ ਰਿਹਾ, ਜਿਨ੍ਹਾਂ ਨੇ ਖੇਡਾਂ ਦੀਆਂ ਤਿਆਰੀਆਂ ਬੜੇ ਜੋਸ਼ ਤੇ ਲਗਨ ਨਾਲ ਕਰਵਾਈਆਂ। ਇਸ ਮੌਕੇ ਸਕੂਲ ਦੇ ਚੇਅਰਮੈਨ ਸੂਰਜ ਸਿੰਘ ਬਰਾੜ, ਡਾਇਰੈਕਟਰ ਪਰਮਜੀਤ ਕੌਰ ਬਰਾੜ, ਪ੍ਰਿੰਸੀਪਲ ਜੋਗਿੰਦਰ ਤਨੇਜਾ ਨੇ ਬੱਚਿਆਂ ਨੂੰ ਖੇਡਾਂ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ ਤੇ ਜੇਤੂਆਂ ਨੂੰ ਤਗ਼ਮੇ ਤੇ ਟਰਾਫ਼ੀਆਂ ਭੇਂਟ ਕੀਤੀਆਂ।

ਬਾਲੀਵੁੱਡ ਦੇ ਦਿੱਗਜ ਅਭਿਨੇਤਾ ਧਰਮਿੰਦਰ ਦਾ ਬੀਤੇ ਦਿਨੀਂ ਦਿਹਾਂਤ ਹੋ ਗਿਆ। ਇਸੇ ਸੰਬੰਧ ਵਿਚ ਸ੍ਰੀ ਮੁਕਤਸਰ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਜਗਜੀਤ ਸਿੰਘ ਹਨੀ ਫ਼ੱਤਣਵਾਲਾ ਵਲੋਂ ਮਲੋਟ ਰੋਡ ਸਥਿਤ ਰਾਜਪਾਲ ਸਿਨੇਮਾ ਵਿਖੇ ਸ਼ੋਕ ਸਭਾ ਕਰਵਾਈ ਗਈ, ਜਿਥੇ ਹਨੀ ਫ਼ੱਤਣਵਾਲਾ ਤੇ ਸਿਨੇਮਾ ਦੇ ਸਮੂਹ ਸਟਾਫ਼ ਨਾਲ ਮਰਹੂਮ ਸੁਪਰਸਟਾਰ ਨੂੰ ਮੋਮਬੱਤੀਆਂ ਜਗਾ ਕੇ ਸ਼ਰਧਾਂਜਲੀ ਦਿੱਤੀ। ਇਸ ਮੌਕੇ ਸਾਬਕਾ ਚੇਅਰਮੈਨ ਮਨਜੀਤ ਸਿੰਘ ਫ਼ੱਤਣਵਾਲਾ, ਰਾਜਪਾਲ ਸਿਨੇਮਾ ਦੇ ਸਮੂਹ ਸਟਾਫ਼ ਮੈਂਬਰ ਹਾਜ਼ਰ ਸਨ। ਵੇਰਵਾ: ਰਣਜੀਤ ਸਿੰਘ ਢਿੱਲੋਂ

ਕੋਟਕਪੂਰਾ ਵਿਖੇ ਧਾਰਮਿਕ ਸਮਾਰੋਹ ਦੀ ਸਮਾਪਤੀ 'ਤੇ ਬੱਚਿਆਂ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ। ਅਜੀਤ ਤਸਵੀਰ

350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਧਾਰਮਿਕ ਸਮਾਰੋਹ ਕਰਵਾਇਆ

ਕੋਟਕਪੂਰਾ, 27 ਨਵੰਬਰ (ਮੋਹਰ ਸਿੰਘ ਗਿੱਲ)-ਸਥਾਨਕ ਗੁਰਦੁਆਰਾ ਅਮਰ ਸ਼ਹੀਦ ਬਾਬਾ ਜੀਵਨ ਸਿੰਘ ਜੀ, ਮੁਹੱਲਾ ਹਰਨਾਮਪੁਰਾ ਵਿਖੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਦੇ ਸਬੰਧ ਵਿਚ ਗੁਰਮਤਿ ਸਮਾਗਮ ਕੀਤਾ ਗਿਆ। ਸਮਾਗਮ ਦੀ ਆਰੰਭਤਾ 'ਸ੍ਰੀ ਸੁਖਮਨੀ ਸਾਹਿਬ ਜੀ' ਦੇ ਜਾਪ ਸੰਗਤ ਰੂਪ ਵਿਚ ਕਰਨ ਨਾਲ ਹੋਈ। ਉਪਰੰਤ ਨੌਵੇਂ ਗੁਰੂ ਜੀ ਦੀ ਰਚੀ ਬਾਣੀ ਦੇ ਸਲੋਕਾਂ ਦਾ ਜਾਪ ਕੀਤਾ ਗਿਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੱਖੇ ਗਏ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਗਏ। ਕੀਰਤਨ ਦੀ ਆਰੰਭਤਾ ਚੰਦਨਪ੍ਰੀਤ ਕੌਰ ਦੁਆਰਾ ਸ਼ਬਦ 'ਚਰਨ ਕਮਲ ਪ੍ਰਭ ਕੇ ਨਿਤ ਧਿਆਵਉ' ਸ਼ਬਦ ਕਰਨ ਨਾਲ ਹੋਈ ਇਸ ਤੋਂ ਬਾਅਦ ਜਗਜੀਤ ਕੌਰ, ਪ੍ਰੀਤਮਹਿੰਦਰ ਕੌਰ ਅਤੇ ਬਲਜੀਤ ਸਿੰਘ ਨੇ ਸ਼ਬਦ ਕੀਰਤਨ ਕਰਕੇ ਸੰਗਤ ਨੂੰ ਨਿਹਾਲ ਕੀਤਾ। ਲੈਕਚਰਾਰ ਬਲਵਿੰਦਰ ਸਿੰਘ ਕੋਟਕਪੂਰਾ ਨੇ ਸੰਗਤ ਨੂੰ ਜੀ ਆਇਆਂ ਆਖਦਿਆਂ ਨੌਵੇਂ ਗੁਰੂ ਜੀ ਦੇ ਜੀਵਨ, ਬਾਣੀ ਅਤੇ ਸ਼ਹਾਦਤ ਨਾਲ ਸੰਬੰਧਿਤ ਸਵਾਲ ਸੰਗਤ ਤੋਂ ਪੁੱਛੇ, ਜਿੰਨ੍ਹਾਂ ਦੇ ਜਵਾਬ ਬੱਚਿਆਂ ਅਤੇ ਹਾਜ਼ਰ ਸੰਗਤ ਨੇ ਬੜੇ ਹੀ ਉਤਸ਼ਾਹ ਨਾਲ ਦਿੱਤੇ। ਸਹੀ ਉੱਤਰ ਦੇਣ ਵਾਲਿਆਂ ਨੂੰ ਇਨਾਮ ਲੈਕਚਰਾਰ ਬਚਨ ਸਿੰਘ, ਲੈਕਚਰਾਰ ਗੁਰਨਾਮ ਸਿੰਘ, ਲੈਕਚਰਾਰ ਬਲਵਿੰਦਰ ਸਿੰਘ ਕੋਟਕਪੂਰਾ, ਵਰਿੰਦਰ ਸਿੰਘ ਅਰਨੇਜਾ, ਗੁਰਪ੍ਰੀਤ ਸਿੰਘ, ਜਸਮੀਤ ਸਿੰਘ ਅਤੇ ਬਲਕਾਰ ਸਿੰਘ ਨੇ ਦੇ ਕੇ ਸਨਮਾਨਿਤ ਕੀਤਾ। ਸਮਾਪਤੀ ਤੋਂ ਪਹਿਲਾਂ ਨੌਵੇਂ ਗੁਰੂ ਜੀ ਤੇ ਹੋਰਨਾਂ ਸਿੱਖਾਂ ਦੀ ਸ਼ਹਾਦਤ ਸੰਬੰਧੀ ਸੰਗਤ ਰੂਪ ਵਿਚ ਜਾਪ ਕੀਤਾ ਗਿਆ। ਸਮੁੱਚੀ ਸਮਾਪਤੀ ਉਪਰੰਤ ਗੁਰੂ ਦਾ ਲੰਗਰ ਅਤੁੱਟ ਵਰਤਾਇਆ ਗਿਆ।

ਮੀਟਿੰਗ ਮੌਕੇ ਪੰਜਾਬ ਮਿਊਂਸਪਲ ਵਰਕਰ ਯੂਨੀਅਨ ਤੇ ਰਿਟਾਇਰ ਮਿਊਂਸਪਲ ਵਰਕਰ ਯੂਨੀਅਨ ਦੇ ਆਗੂ। ਤਸਵੀਰ: ਪਾਟਿਲ

ਪੰਜਾਬ ਮਿਊਂਸਪਲ ਵਰਕਰ ਯੂਨੀਅਨ ਤੇ ਰਿਟਾਇਰ ਮਿਊਂਸਪਲ ਵਰਕਰ ਯੂਨੀਅਨ ਦੀ ਮੀਟਿੰਗ

ਮਲੋਟ, 27 ਨਵੰਬਰ (ਪਾਟਿਲ)- ਪੰਜਾਬ ਮਿਊਂਸਪਲ ਵਰਕਰ ਯੂਨੀਅਨ ਤੇ ਰਿਟਾਇਰ ਮਿਊਂਸਪਲ ਵਰਕਰ ਯੂਨੀਅਨ ਵਲੋਂ ਪੰਜਾਬ ਸਰਕਾਰ ਦੀਆਂ ਮੁਲਾਜ਼ਮ ਮਾਰੂ ਨੀਤੀਆਂ ਖ਼ਿਲਾਫ਼ ਰੀਜਨਵਾਰ ਮੀਟਿੰਗਾਂ ਦੀ ਲੜੀ 'ਚ ਰੋਸ ਮੀਟਿੰਗ ਟੀਚਰ ਹੋਮ ਬਠਿੰਡਾ ਵਿਖੇ 1 ਦਸੰਬਰ ਦਿਨ ਸੋਮਵਾਰ ਸਵੇਰੇ 11 ਵਜੇ ਹੋਵੇਗੀ। ਇਸ ਸੰਬੰਧ 'ਚ ਦਫ਼ਤਰ ਨਗਰ ਕੌਂਸਲ ਮਲੋਟ ਵਿਖੇ ਰਿਟਾਇਰ ਪੰਜਾਬ ਮਿਊਂਸਪਲ ਵਰਕਰ ਯੂਨੀਅਨ ਦੇ ਸੂਬਾ ਚੇਅਰਮੈਨ ਜਨਕ ਰਾਜ ਮਾਨਸਾ, ਸੂਬਾ ਪ੍ਰਧਾਨ ਭੋਲਾ ਸਿੰਘ ਬਠਿੰਡਾ, ਸੂਬਾ ਜਨਰਲ ਸਕੱਤਰ ਜਗਮੇਲ ਸਿੰਘ ਬਠਿੰਡਾ ਤੇ ਪੰਜਾਬ ਮਿਊਂਸਪਲ ਵਰਕਰ ਯੂਨੀਅਨ ਪੰਜਾਬ ਦੇ ਸੂਬਾ ਜਨਰਲ ਸਕੱਤਰ ਟੇਕ ਚੰਦ ਬਾਂਸਲ, ਇੰਸਪੈਕਟਰ ਜਨਰਲ ਨਗਰ ਕੌਂਸਲ ਮਲੋਟ ਦੀ ਅਗਵਾਈ 'ਚ ਮਿਊਂਸਪਲ ਮੁਲਾਜ਼ਮ ਨੂੰ ਲਾਮਬੰਦ ਹੋਣ ਲਈ ਪ੍ਰੇਰਿਆ ਗਿਆ ਤੇ ਬਠਿੰਡਾ 'ਚ ਹੋ ਰਹੀ ਰੋਸ ਮੀਟਿੰਗ 'ਚ ਭਾਗ ਲੈਣ ਲਈ ਵੱਧ ਤੋਂ ਵੱਧ ਗਿਣਤੀ 'ਚ ਸਮੇਂ ਸਿਰ ਪਹੁੰਚਣ ਦੀ ਅਪੀਲ ਕੀਤੀ। ਇਸ ਮੌਕੇ ਸੀਨੀਅਰ ਆਗੂ ਬ੍ਰਹਮ ਪ੍ਰਕਾਸ਼, ਸੰਜੀਵ ਕੁਮਾਰ, ਮੰਗਦ ਰਾਮ ਅਤੇ ਮੌਜੂਦਾ ਸਟਾਫ਼ ਦੇ ਟੇਕ ਚੰਦ ਬਾਂਸਲ ਇੰਸਪੈਕਟਰ ਜਨਰਲ, ਰਾਜ ਕੁਮਾਰ ਸੈਨੇਟਰੀ ਇੰਸਪੈਕਟਰ, ਰਾਜਨ ਪੁਰੀ ਜੇ.ਈ., ਸੁਰੇਸ਼ ਕੁਮਾਰ ਜੇ.ਈ., ਸੁਨੀਲ ਕੁਮਾਰ ਕਲਰਕ, ਮਨੋਜ ਕੁਮਾਰ ਕਲਰਕ, ਗੁਰਪ੍ਰੀਤ ਸਿੰਘ ਕਲਰਕ, ਰਿੰਕੂ ਕੁਮਾਰ ਸੇਵਾਦਾਰ, ਮਹੀਪਾਲ ਮਾਲੀ, ਸ਼ਰਨਜੀਤ ਸਿੰਘ ਬੇਲਦਾਰ ਅਤੇ ਗੀਤਾ ਰਾਣੀ ਹਾਜ਼ਰ ਸਨ। ਇਸ ਮੌਕੇ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ ਕੀਤਾ ਗਿਆ।

ਝੋਨਾ ਨਾ ਵਿਕਣ ਕਰਕੇ ਕਿਸਾਨ ਨੇ ਲਗਾਈ ਝੋਨੇ ਨੂੰ ਅੱਗ

• ਕਾਟ ਮੰਗਣ ਦੇ ਲਾਏ ਦੋਸ਼

ਮਲੋਟ, 27 ਨਵੰਬਰ (ਅਜਮੇਰ ਸਿੰਘ ਬਰਾੜ)-ਪਿੰਡ ਰੱਥੜੀਆਂ ਦੇ ਹਰਮਨਜੀਤ ਸਿੰਘ ਨੌਜਵਾਨ ਕਿਸਾਨ ਨੇ ਅੱਜ ਮਲੋਟ ਮੰਡੀ ਵਿਖੇ ਆਪਣੇ ਝੋਨੇ ਨੂੰ ਅੱਗ ਲਗਾ ਦਿੱਤੀ ਤੇ ਇਸ ਦੇ ਨਾਲ ਹੋਰ ਕਿਸਾਨਾਂ ਨੇ ਵੀ ਮਾਰਕੀਟ ਕਮੇਟੀ ਦੇ ਗੇਟ ਅੱਗੇ ਮਰਨ ਵਰਤ ਸ਼ੁਰੂ ਕਰ ਦਿੱਤਾ। ਗੱਲਬਾਤ ਕਰਦਿਆਂ ਨੌਜਵਾਨ ਆਗੂ ਹਰਮਨਜੀਤ ਸਿੰਘ ਨੇ ਕਿਹਾ ਕਿ ਉਹ ਛੋਟਾ ਕਿਸਾਨ ਹੈ ਤੇ ਠੇਕੇ 'ਤੇ ਹੋਰ ਜ਼ਮੀਨ ਲੈ ਕੇ ਖੇਤੀਬਾੜੀ ਕਰਦਾ ਹੈ, ਪਰ ਉਨ੍ਹਾਂ ਦਾ ਲਗਭਗ 20 ਦਿਨਾਂ ਤੋਂ ਵੱਧ ਸਮਾਂ ਹੋ ਗਿਆ, ਝੋਨਾ ਨਹੀਂ ਵਿਕ ਰਿਹਾ। ਇਸ ਕਿਸਾਨ ਤੋਂ ਇਲਾਵਾ ਪਿੰਡ ਰੱਥੜੀਆਂ ਦੇ ਹੀ ਮਨਜੀਤ ਕੌਰ ਪਤਨੀ ਗੁਰਦੇਵ ਸਿੰਘ ਤੇ ਨੰਬਰਦਾਰ ਰਜਿੰਦਰ ਸਿੰਘ ਦਾ ਵੀ ਝੋਨਾ ਇਸ ਮੰਡੀ ਵਿਚ ਵਿਕਣ ਲਈ ਪਿਆ ਹੈ, ਪਰ ਇੰਸਪੈਕਟਰ ਤੇ ਸ਼ੈਲਰਾਂ ਵਾਲੇ ਇਹ ਝੋਨਾ ਨਹੀਂ ਖ਼ਰੀਦ ਰਹੇ। ਨੌਜਵਾਨ ਕਿਸਾਨ ਨੇ ਦੋਸ਼ ਲਗਾਇਆ ਕਿ ਉਸ ਤੋਂ ਕਾਟ ਮੰਗੀ ਜਾ ਰਹੀ ਹੈ। ਦੁਖੀ ਹੋਏ ਕਿਸਾਨ ਨੇ ਕਿਹਾ ਕਿ ਪਹਿਲਾਂ ਉਨ੍ਹਾਂ ਦੇ ਪਿੰਡ ਗੜ੍ਹੇ ਪੈਣ ਕਰਕੇ ਝੋਨੇ ਦਾ ਝਾੜ 50 ਮਣ ਪ੍ਰਤੀ ਏਕੜ ਦੇ ਲਗਭਗ ਰਹਿ ਗਿਆ ਤੇ ਉਪਰੋਂ ਇਹ ਕਹਿ ਰਹੇ ਹਨ ਕਿ ਜੇਕਰ ਝੋਨਾ ਵੇਚਣਾ ਹੈ ਤਾਂ ਏਜੰਸੀ ਨਾਲ ਸਹਿਮਤੀ ਬਣਾਉਣੀ ਪੈਣੀ ਹੈ। ਉਨ੍ਹਾਂ ਕਿਹਾ ਕਿ ਮਲੋਟ ਦੀ ਦਾਣਾ ਮੰਡੀ 'ਚ ਕਿਸਾਨਾਂ ਨੂੰ ਲਾਵਾਰਸ ਪਸ਼ੂ ਤੰਗ ਕਰਦੇ ਹਨ ਤੇ ਕਮੇਟੀ ਵਾਲੇ ਤਾਂ ਰਾਤ ਨੂੰ ਲਾਈਟਾਂ ਵੀ ਬੰਦ ਕਰ ਦਿੰਦੇ ਹਨ, ਜਿਸ ਕਰਕੇ ਕਿਸਾਨਾਂ ਨੂੰ ਵੱਡੀ ਮੁਸ਼ਕਿਲ ਪੇਸ਼ ਆਉਂਦੀ ਹੈ। ਇਨ੍ਹਾਂ ਤਿੰਨਾਂ ਕਿਸਾਨਾਂ ਤੋਂ ਇਲਾਵਾ ਭਾਰਤੀ ਕਿਸਾਨ ਯੂਨੀਅਨ ਏਕਤਾ (ਸਿੱਧੂਪੁਰ) ਦੇ ਜ਼ਿਲ੍ਹਾ ਪ੍ਰਧਾਨ ਬਲਜੀਤ ਸਿੰਘ, ਹਰਭਗਵਾਨ ਸਿੰਘ ਤੇ ਹੋਰ ਆਗੂਆਂ ਨੇ ਵੀ ਕਿਸਾਨਾਂ ਦੀ ਹਮਾਇਤ ਕਰਦਿਆਂ ਮਾਰਕੀਟ ਕਮੇਟੀ ਦੇ ਗੇਟ ਅੱਗੇ ਮਰਨ ਵਰਤ ਸ਼ੁਰੂ ਕਰ ਦਿੱਤਾ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਬਲਜੀਤ ਸਿੰਘ ਬੋਦੀਵਾਲਾ ਨੇ ਦੋਸ਼ ਲਗਾਇਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਆਪਣੇ-ਆਪ ਨੂੰ ਇਮਾਨਦਾਰ ਸਰਕਾਰ ਦੱਸਦੀ ਹੈ, ਪਰ ਉਨ੍ਹਾਂ ਦੀ ਸਰਕਾਰ 'ਚ ਹੀ ਕਿਸਾਨਾਂ ਨੂੰ ਆਪਣੀ ਪੁੱਤਾਂ ਵਾਂਗ ਪਾਲੀ ਫ਼ਸਲ ਨੂੰ ਹੀ ਅੱਗ ਲਾਉਣੀ ਪੈ ਰਹੀ ਹੈ। ਉਨ੍ਹਾਂ ਇਸ ਗੱਲੋਂ ਸਰਕਾਰ ਦੀ ਨਿਖੇਧੀ ਕੀਤੀ। ਉਧਰ ਜ਼ਿਲ੍ਹਾ ਮੰਡੀ ਅਫ਼ਸਰ ਅਜੈਪਾਲ ਸਿੰਘ ਬਰਾੜ ਨੇ ਕਿਹਾ ਕਿ ਇਨ੍ਹਾਂ ਕਿਸਾਨਾਂ ਦੇ ਝੋਨੇ ਦੀ ਵਿਕਰੀ ਲਈ ਉਨ੍ਹਾਂ ਨੇ ਡੀ.ਐੱਫ.ਐੱਸ.ਓ. ਨੂੰ ਲਿਖ਼ਤੀ ਰੂਪ 'ਚ ਲਿਖ ਕੇ ਭੇਜਿਆ ਹੈ ਤੇ ਇਹ ਮਸਲਾ ਜਲਦ ਹੀ ਹੱਲ ਹੋ ਜਾਵੇਗਾ।

ਮਲੋਟ ਦੀ ਮਾਰਕੀਟ ਕਮੇਟੀ ਦੇ ਗੇਟ 'ਤੇ ਮਰਨ ਵਰਤ 'ਤੇ ਬੈਠੇ ਹੋਏ ਕਿਸਾਨ। ਤਸਵੀਰ: ਅਜਮੇਰ ਸਿੰਘ ਬਰਾੜ

ਸਰਕਾਰੀ ਬ੍ਰਿਜਿੰਦਰਾ ਕਾਲਜ ਦੇ ਜੇਤੂ ਖ਼ਿਡਾਰੀਆਂ ਦਾ ਕੀਤਾ ਸਨਮਾਨ

ਫ਼ਰੀਦਕੋਟ, 27 ਨਵੰਬਰ (ਜਸਵੰਤ ਸਿੰਘ ਪੁਰਬਾ)-ਸਰਕਾਰੀ ਬ੍ਰਿਜਿੰਦਰਾ ਕਾਲਜ ਫ਼ਰੀਦਕੋਟ ਵਿਖ਼ੇ ਸਰੀਰਕ ਸਿੱਖਿਆ ਵਿਭਾਗ ਵਲੋਂ ਵੱਖ-ਵੱਖ ਖੇਡਾਂ ਵਿਚ ਸਥਾਨ ਪ੍ਰਾਪਤ ਕਰਨ ਵਾਲੇ ਖਿਡਾਰੀਆਂ ਨੂੰ ਸਨਮਾਨਿਤ ਕਰਨ ਲਈ ਇਨਾਮ ਵੰਡ ਸਮਰੋਹ ਕੀਤਾ ਗਿਆ। ਜਿਸ ਵਿਚ ਉਚੇਚੇ ਤੌਰ 'ਤੇ ਬੇਅੰਤ ਕੌਰ ਧਰਮ ਪਤਨੀ ਹਲਕਾ ਵਿਧਾਇਕ ਗੁਰਦਿੱਤ ਸਿੰਘ ਸੇਖੋਂ, ਅਮਨਦੀਪ ਸਿੰਘ ਬਾਬਾ ਚੇਅਰਮੈਨ ਮਾਰਕੀਟ ਕਮੇਟੀ ਫ਼ਰੀਦਕੋਟ) ਪਹੁੰਚੇ। ਉਨ੍ਹਾਂ ਦੇ ਇਸ ਸਮਰੋਹ ਵਿਚ ਪਹੁੰਚਣ ਤੇ ਵਾਇਸ ਪ੍ਰਿੰ. ਡਾ. ਪੂਜਾ ਭੱਲਾ ਵਲੋਂ ਜੀ ਆਇਆ ਨੂੰ ਆਖਿਆ ਗਿਆ। ਬੇਅੰਤ ਕੌਰ ਨੇ ਖ਼ਿਡਾਰੀਆਂ ਨੂੰ ਕਿਹਾ ਕਿ ਖਿਡਾਰੀਆਂ ਨੂੰ ਆਪਣੇ ਜੀਵਨ ਵਿਚ ਜਿੱਤਾਂ ਪ੍ਰਾਪਤ ਕਰਦੇ ਹੋਏ ਅੱਗੇ ਵਧਣਾ ਚਾਹੀਦਾ ਹੈ ਤੇ ਆਪਣੇ ਜੀਵਨ ਵਿਚ ਅਨੁਸ਼ਾਸ਼ਨ ਬਣਾ ਕੇ ਰੱਖਣਾ ਚਾਹੀਦਾ ਹੈ। ਚੇਅਰਮੈਨ ਅਮਨਦੀਪ ਸਿੰਘ ਬਾਬਾ ਨੇ ਖ਼ਿਡਾਰੀਆਂ ਨੂੰ ਖੇਡਾਂ ਵਿਚ ਜਿੱਤਾਂ ਪ੍ਰਾਪਤ ਕਰਨ 'ਤੇ ਮੁਬਾਰਕਾਂ ਦਿੱਤੀਆਂ। ਇਸ ਮੌਕੇ ਪ੍ਰਿੰ. ਡਾ. ਰਾਜੇਸ਼ ਮੋਹਨ ਨੇ ਦੱਸਿਆ ਕਿ ਸਮਰੋਹ ਦੌਰਾਨ ਅੰਤਰ ਕਾਲਜ ਕ੍ਰਿਕਟ ਮੁਕਾਬਲਾ (ਲੜਕੀਆਂ) ਪਹਿਲਾਂ ਸਥਾਨ, ਅੰਤਰ ਕਾਲਜ ਕੁਸ਼ਤੀ ਮੁਕਾਬਲੇ (ਲੜਕੀਆਂ) ਓਵਰ ਆਲ ਦੂਜਾ ਸਥਾਨ, ਅੰਤਰ ਕਾਲਜ ਹੈਂਡਬਾਲ ਮੁਕਾਬਲੇ (ਲੜਕੇ) ਤੀਜਾ ਸਥਾਨ, ਅੰਤਰ ਕਾਲਜ ਹੈਂਡਬਾਲ ਮੁਕਾਬਲੇ (ਲੜਕੀਆਂ) ਤੀਜਾ ਸਥਾਨ, ਅੰਤਰ ਕਾਲਜ ਮੁਕੇਬਾਜ਼ੀ ਮੁਕਾਬਲੇ (ਲੜਕੀਆਂ) ਵਿਚ ਹਰਮਨਪ੍ਰੀਤ ਕੌਰ ਬੀ.ਏ. ਭਾਗ ਦੂਜਾ ਨੇ ਮੁਕਾਬਲੇ ਦੌਰਾਨ ਤੀਜਾ ਸਥਾਨ ਹਾਸਿਲ ਕੀਤਾ, ਅੰਤਰ ਕਾਲਜ ਅਥਲੈਟਿਕਸ ਮੁਕਾਬਲੇ (ਲੜਕੇ ਅਤੇ ਲੜਕੀਆਂ) ਵਿਚ ਸਾਹਿਲਜੀਤ ਸਿੰਘ ਬੀਏ ਭਾਗ ਪਹਿਲਾਂ ਨੇ ਉੱਚੀ ਛਾਲ ਵਿਚ ਦੋ ਮੀਟਰ ਉੱਚੀ ਛਾਲ ਲੱਗਾ ਕੇ ਪਹਿਲਾਂ ਸਥਾਨ ਹਾਸਿਲ ਕੀਤਾ, ਅਤੇ ਅਸਰਾਜ ਸਿੰਘ ਬੀਏ ਭਾਗ ਤੀਜਾ ਨੇ ਲੰਬੀ ਛਾਲ ਵਿਚ ਦੂਜਾ ਸਥਾਨ ਹਾਸਿਲ ਕੀਤਾ। ਇਸ ਸਮਰੋਹ ਦੇ ਅੰਤ ਵਿਚ ਪ੍ਰੋ. ਹਰਜਿੰਦਰ ਸਿੰਘ (ਮੁਖੀ, ਸਰੀਰਿਕ ਸਿੱਖਿਆ ਵਿਭਾਗ) ਵਲੋਂ ਸਾਰੇ ਜੇਤੂ ਖਿਡਾਰੀਆਂ ਨੂੰ ਚੰਗੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ। ਇਸ ਮੌਕੇ ਮੰਚ ਸੰਚਾਲਨ ਪ੍ਰੋ. ਕੁਲਦੀਪ ਸਿੰਘ ਨੇ ਕੀਤਾ। ਇਸ ਮੌਕੇ ਰਜਿਸਟਰਾਰ ਡਾ. ਸ਼ਾਲਿਨੀ ਗਰਗ, ਪ੍ਰੋ. ਵਕੀਲ ਸਿੰਘ, ਪ੍ਰੋ. ਸੁਖਦੇਵ ਸਿੰਘ, ਪ੍ਰੋ. ਅਰਮਿੰਦਰ ਸਿੰਘ, ਪ੍ਰੋ. ਸੁਖਪ੍ਰੀਤ ਸਿੰਘ ਆਦਿ ਹਾਜ਼ਰ ਸਨ।

ਜੇਤੂ ਵਿਦਿਆਰਥੀਆਂ ਨੂੰ ਸਨਮਾਨਿਤ ਕਰਦੇ ਹੋਏ ਕਾਲਜ ਪ੍ਰਬੰਧਕ।

ਮੇਜਰ ਅਜਾਇਬ ਸਿੰਘ ਕਾਨਵੈਂਟ ਸਕੂਲ ਜਿਉਣ ਵਾਲਾ ਦੇ ਐਨ.ਸੀ.ਸੀ. ਕੈਡਿਟਾਂ ਨਾਲ ਯਾਦਗਾਰੀ ਤਸਵੀਰ 'ਚ ਚੀਫ ਗੈਸਟ ਕਰਨਲ ਅਮਨਪ੍ਰੀਤ ਸਿੰਘ ਗਿੱਲ, ਸਮਾਜ ਸੇਵੀ ਪਾਰਥ ਭੱਟ ਅਤੇ ਪ੍ਰਿੰਸੀਪਲ/ਡਾਇਰੈਕਟਰ ਡਾ. ਐਸ. ਐਸ. ਬਰਾੜ। ਅਜੀਤ ਤਸਵੀਰ

ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਮੋਗਾ

ਫੋਨ ਨੰਬਰ : 0163-235864

ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਮੋਗਾ ਵਿਚ ਸਥਾਪਿਤ ਲੀਗਲ ਏਡ ਡਿਫੈਂਸ ਕੌਂਸਲ ਸਿਸਟਮ ਦੇ ਦਫ਼